ISSN: 2584-0509

# ਕਰਨੈਲ ਸਿੰਘ ਪਾਰਸ (ਰਾਮੂਵਾਲੀਆ) ਦੀ ਦਬੰਗਮਈ ਸ਼ਖ਼ਸੀਅਤ ਦਾ ਦਰਪਣ: "ਕਰਨੈਲ ਸਿੰਘ ਪਾਰਸ ਜੀਵਨ ਤੇ ਰਚਨਾ"



ਪ੍ਰਿੰ. ਕ੍ਰਿਸ਼ਨ ਸਿੰਘ
# 264 ਸੀ ਰਾਜ ਗੁਰੂ ਨਗਰ ਲੁਧਿਆਣਾ - 141012
krishansingh264c@gmail.com

ਇਸ ਹਥਲੇ ਲੇਖ ਦੇ ਪਿਛੋਕੜ ਵਜੋਂ ਮੈਨੂੰ ਇਹ ਲਿਖਣਾ ਅੱਛਾ ਲੱਗਿਆ ਅਚਾਨਕ ਮੇਰੀ ਸਿਮ੍ਰਤੀ 'ਚ ਆਇਆ ਕਿ ਕਿਸੇ ਵਕਤ ਡਾਕਟਰ ਹਰਿਭਜਨ ਸਿੰਘ ਦਿੱਲੀ ਵਾਲਿਆਂ ਨੇ ਕਿਹਾ ਸੀ," ਪੁਸਤਕਾਂ, ਪੁਸਤਕਾਂ 'ਚੋਂ ਜਨਮ ਲੈਂਦੀਆਂ ਹਨ।" ਬਿਲਕੁਲ ਇਸੇ ਤਰ੍ਹਾਂ ਮੈਨੂੰ ਅੱਜ ਵੀ ਇਹ ਸਤਰਾਂ ਲਿਖਣ ਵਕਤ ਪ੍ਰਤੀਤ ਹੋਇਆ ਕਿ ਸਾਡਾ ਵਡਮੁੱਲਾ ਸਾਹਿਤ, ਇਤਿਹਾਸ, ਸੱਭਿਆਚਾਰ ਵੀ ਜਦੋਂ ਰੂਹ ਦੀ ਖ਼ੁਰਾਕ ਬਣਦਾ ਹੈ ਤਾਂ ਉਸ ਦੀ ਤ੍ਰਿਪਤੀ ਲਈ ਅਸੀਂ ਹਰ ਤਰ੍ਹਾਂ ਦੇ ਹੀਲੇ - ਹਰਬੇ ਵਰਤਦੇ ਹਾਂ। ਅਜਿਹੀ ਸਹਿਜਭਾਵੀ ਚੇਟਕ ਜ਼ਰੂਰੀ ਵੀ ਹੈ --- ਬਜ਼ਾਤੇ ਖ਼ੁਦ ਮੇਰੇ ਨਾਲ ਇਉਂ ਹੀ ਹੋਇਆ। --- ਕਵੀਸ਼ਰੀ ਦੀਆਂ ਉੱਚ - ਬੁਲੰਦੀਆਂ ਨੂੰ ਛੂਹਣ ਵਾਲਾ ਕਰਨੈਲ ਸਿੰਘ ਪਾਰਸ (ਰਾਮੂਵਾਲੀਆ ) ਜੋ ਅੱਜ ਵੀ ਲੋਕ ਦਿਲਾਂ ਦੀ ਧੜਕਣ ਹੈ --- ਸਬੱਬ ਦੀ ਗੱਲ ਹੁੰਦੀ ਹੈ --- ਪਿਛਲੇ ਦਿਨੀਂ ਮੈਂ ਕਰਨੈਲ ਸਿੰਘ ਪਾਰਸ ਹੁਰਾਂ ਵਲੋਂ ਰਚਿਤ ਅਤੇ ਹਰਭਜਨ ਮਾਨ ਤੇ ਗੁਰਸੇਵਕ ਮਾਨ ਵਲੋਂ ਢੱਡ ਸਾਰੰਗੀ ਦੀਆਂ ਧੁਨਾਂ 'ਤੇ ਗਾਈ ਇੱਕ ਮਕਬੂਲ ਰਚਨਾ ਨੂੰ ਸੋਸ਼ਲ ਮੀਡੀਆ 'ਤੇ ਸੁਣਿਆ। ਆਪਣੇ ਮੂਲ ਵਜੋਂ ਇਹ ਬ੍ਰਿਤਾਂਤ ਜਾਂ ਇਸ ਨੂੰ ਇਤਿਹਾਸਕ ਪ੍ਰਸੰਗ ਕਹਿ ਲਵੋ- ਸਿੱਖ ਇਤਿਹਾਸ ਦੇ ਬੜੀਆਂ ਤ੍ਰਾਸਦਿਕ ਪ੍ਰਸਥਿਤੀਆਂ 'ਤੇ ਕੇਂਦ੍ਰਿਤ ਹੈ। ਆਨੰਦਪੁਰ ਸਾਹਿਬ ਨੂੰ ਛੱਡਣ ਤੋਂ ਬਾਅਦ ਜਦੋਂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਵਿਛੜ ਗਿਆ ਤਾਂ ਮਾਤਾ ਗੁਜਰੀ ਜੀ,ਛੋਟੇ ਸਾਹਿਬਜ਼ਾਦੇ ਅਤੇ ਗੰਗੂ ਰਸੋਈਆ ਉਹਨਾਂ ਤੋਂ ਵੱਖ ਹੋ ਗਏ। ਉਨ੍ਹਾਂ ਨਾਜ਼ੁਕ ਹਾਲਾਤਾਂ ਵਿੱਚ ਗੰਗੂ- ਮਾਤਾ ਗੁਜਰੀ ਜੀ ਨੂੰ ਅਤੇ ਸਾਹਿਬਜ਼ਾਦਿਆਂ ਨੂੰ ਆਪਣੇ ਘਰ ਲੈ ਜਾਂਦਾ। ਮੌਕੇ ਦੀ ਹਕੂਮਤ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਦੁਸ਼ਮਣ ਬਣ ਚੁੱਕੀ ਸੀ, ਜਿਉਂਦੇ ਜੀਅ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੀ ਸੀ। --- ਆਪਣੇ ਘਰ ਪਹੁੰਚ ਕੇ ਗੰਗੂ ਦਾ ਮਨ ਵਿਗੜ ਜਾਂਦਾ, ਅਕ੍ਰਿਤਘਣਤਾ ਦਾ ਇਜ਼ਹਾਰ ਕਰਦਿਆਂ ਪੈਸੇ ਦੇ ਲਾਲਚ ਵਿੱਚ ਆ ਕੇ ਉਹ ਉਨ੍ਹਾਂ ਦਾਦੀ - ਪੋਤਿਆਂ ਨੂੰ ਗ੍ਰਿਫ਼ਤਾਰ ਕਰਵਾਉਣ ਦੀ ਸਾਜ਼ਿਸ਼ ਰਚਦਾ ਹੈ। ਗੰਗੂ ਆਪਣੀ ਮਾਂ ਨੂੰ ਕਹਿਣ ਲੱਗਾ ਕਿ ਅੱਜ ਬੜਾ ਵਧੀਆ ਮੌਕਾ ਹੈ। ਅਸੀਂ ਇਨ੍ਹਾਂ ਨੂੰ ਆਟੇ ਵਿੱਚ ਜ਼ਹਿਰ ਪਾ ਕੇ ਦੇ ਦਿੰਦੇ ਹਾਂ। ਇਨ੍ਹਾਂ ਦੀ ਮੌਤ ਹੋ ਜਾਵੇਗੀ ਤਾਂ ਅਸੀਂ ਇਨ੍ਹਾਂ ਦੇ ਪੈਸੇ ਨਾਲ ਬੜੇ ਅਮੀਰ ਹੋ ਜਾਵਾਂਗੇ। ਮੈਂ ਜਦੋਂ ਗੰਗੂ ਅਤੇ ਉਸ ਦੀ ਮਾਂ ਦੇ ਇਨ੍ਹਾਂ ਸਵਾਲਾਂ - ਜਵਾਬਾਂ ਨੂੰ ਕਰਨੈਲ ਸਿੰਘ ਪਾਰਸ ਹੁਰਾਂ ਦੀ ਭਾਸ਼ਾ ਵਿੱਚ ਬੜੇ ਧਿਆਨਪੂਰਵਕ

ਸੁਣਿਆਂ ਤਾਂ ਮਾਂ - ਪੁੱਤ (ਭਾਵ ਗੰਗੂ ਅਤੇ ਉਸ ਦੀ ਮਾਤਾ) ਦੇ ਉਹ ਦੋ - ਧਿਰੀ ਟਕਰਾਅ ਨੇ ਮੈਨੂੰ ਧੁਰ ਅੰਦਰੋਂ ਪ੍ਰਭਾਵਿਤ ਕੀਤਾ। ਮਾਂ ਦੀ ਮਮਤਾ ਅਤੇ ਪੁੱਤਰ ਦੀ ਕਰੂਰਤਾ ਨੇ ਮੈਨੂੰ ਝੰਜੋੜ ਕੇ ਰੱਖ ਦਿੱਤਾ। ਮੈਨੂੰ ਚੰਗਾ ਲੱਗਿਆ ਕਿ ਮੈਂ ਇਸ ਰਚਨਾ ਨੂੰ ਟੈਕਸਟ ਦੇ ਰੂਪ ਵਿੱਚ ਖ਼ੁਦ ਪੜ੍ਹਾਂ। ਮੈਨੂੰ ਥੋੜ੍ਹੀ ਜਿਹੀ ਕਨਸੋਅ ਮਿਲੀ ਕਿ ਪਾਰਸ ਰਾਮੂਵਾਲੀਆ 'ਤੇ ਸਾਡੇ ਪਿਆਰੇ ਲੇਖਕ ਨਿੰਦਰ ਘੁਗਿਆਣਵੀ ਨੇ ਖੋਜ ਕਾਰਜ ਕੀਤਾ ਹੈ ਅਤੇ ਉਸ ਦੀ ਕਿਤਾਬ ਚੇਤਨਾ ਪ੍ਰਕਾਸ਼ਨ ਲੁਧਿਆਣਾ ਵਲੋਂ ਛਾਪੀ ਗਈ ਹੈ। --- ਸਬੱਬ ਦੀ ਗੱਲ ਹੁੰਦੀ ਹੈ,ਸਾਡੇ ਗੁਆਂਢ ਵਿੱਚ ਰਹਿੰਦੇ ਸਤੀਸ਼ ਗੁਲਾਟੀ ਆਪਣੀ ਪਤਨੀ ਨਾਲ ਮੈਨੂੰ ਅਚਾਨਕ ਰਾਜ ਗੁਰੂ ਨਗਰ ਦੀ ਮਾਰਕੀਟ ਵਿੱਚ ਮਿਲੇ। ਮੇਰੇ ਪੁੱਛਣ 'ਤੇ ਉਹ ਕਹਿਣ ਲੱਗੇ," ਕਰਨੈਲ ਸਿੰਘ ਪਾਰਸ ਦੀ ਕਿਤਾਬ " ਜੱਗ ਜੰਕਸ਼ਨ ਲੋਕਾਂ ਦਾ " ਆਪਣੇ ਕੋਲ ਹੈਗੀ ਆ,ਆਇਓ ਕਿਸੇ ਦਿਨ ਲੈ ਜਾਇਓ। " ਖ਼ੈਰ, ਉਥੋਂ ਮੈਨੂੰ ਇੱਕ ਨਹੀਂ,ਦੋ ਪੁਸਤਕਾਂ ਮਿਲ ਗਈਆਂ, ਨਿੰਦਰ ਘੁਗਿਆਣਵੀ ਦੀ "ਕਰਨੈਲ ਸਿੰਘ ਪਾਰਸ (ਰਾਮੂਵਾਲੀਆ) ਜੀਵਨ ਤੇ ਰਚਨਾ"( 2014) ਅਤੇ ਦੂਜੀ " ਜੱਗ ਜੰਕਸ਼ਨ ਲੋਕਾਂ ਦਾ "। (ਉਪਰੋਕਤ ਰਚਨਾ ਦੀ ਮੂਲ ਟੈਕਸਟ ਮੈਨੂੰ " ਜੱਗ ਜੰਕਸ਼ਨ ਲੋਕਾਂ ਦਾ" ਪੁਸਤਕ ਵਿੱਚੋਂ ਮਿਲ ਗਈ --- ਜਾਣੋ, ਚਾਅ ਚੜ੍ਹ ਗਿਆ ---। ਇਸ ਰਚਨਾ ਬਾਰੇ ਫਿਰ ਕਿਸੇ ਵਕਤ ਚਰਚਾ ਕਰਾਂਗੇ।)

ਮੈਂ ਸੁਤੇ ਸਿੱਧ ਹੀ ਪਹਿਲਾਂ ਨਿੰਦਰ ਘੁਗਿਆਣਵੀ ਦੀ ਪੁਸਤਕ ਦਾ ਹੀ ਅਧਿਐਨ ਕੀਤਾ। ਇਹ ਪੁਸਤਕ ਮੇਰੇ ਲਈ ਕੋਈ ਆਮ ਪੁਸਤਕ ਨਹੀਂ ਸੀ। ਮੈਨੂੰ ਇਸ ਨੇ ਬੁਨਿਆਦੀ ਤੌਰ 'ਤੇ ਦੋ ਤਰ੍ਹਾਂ ਨਾਲ ਪ੍ਰਭਾਵਿਤ ਕੀਤਾ, ਇੱਕ ਤਾਂ ਇਸ ਵਿੱਚੋਂ ਉੱਠਦੇ ਸਮਕਾਲ ਦੇ ਸੰਦਰਭਗਤ ਸਵਾਲਾਂ ਨੇ ਦੂਜਾ ਇਸ ਦੇ ਪ੍ਰਗਟਾਵੇ ਦੀ ਮਨਮੋਹਕ ਵਾਰਤਕ ਸ਼ੈਲੀ ਨੇ --- ਕੋਈ ਸ਼ੱਕ ਨਹੀਂ,ਇਨ੍ਹਾਂ ਦੋਹਾਂ ਪੱਖਾਂ/ਪਾਸਾਰਾਂ ਦਾ ਆਪਣਾ-ਆਪਣਾ ਮਹੱਤਵ ਹੈ। ਰਚਨਾਤਮਿਕ ਸਾਹਿਤ ਬਾਰੇ ਇੱਕ ਆਮ ਧਾਰਨਾ ਵੀ ਬਣੀ ਹੋਈ ਹੈ ਕਿ ਕਿਸੇ ਵੀ ਰਚਨਾ ਦਾ ਵਿਸ਼ਾ , ਮੌਕਾ ਬਣਨ 'ਤੇ ਆਪਣਾ ਰੂਪ ਖ਼ੁਦ ਹੀ ਅਖ਼ਤਿਆਰ ਕਰ ਲੈਂਦਾ ਹੈ। ਪਰ ਕਈ ਵਾਰ ਇਉਂ ਵੀ ਹੁੰਦਾ ਹੈ ਕਿ ਗੰਭੀਰ ਤੋਂ ਗੰਭੀਰ ਵਿਸ਼ੇ ਨੂੰ ਵੀ ਲੇਖਕ ਆਪਣੀਆਂ ਕਲਾਤਮਿਕ ਛੋਹਾਂ/ ਜੁਗਤਾਂ ਸਹਿਤ ਬੜੀ ਰੌਚਿਕਤਾ ਪ੍ਰਦਾਨ ਕਰ ਦਿੰਦਾ ਹੈ, ਸਬੱਬ ਦੀ ਗੱਲ ਤਾਂ ਇਹ ਹੈ ਕਿ ਲੱਗ ਭੱਗ ਤਿੰਨ ਦਰਜਨ ਪੁਸਤਕਾਂ ਦਾ ਲੇਖਕ ਨਿੰਦਰ ਘੁਗਿਆਣਵੀ ਆਪਣੀ ਸਿਰਜਣਸ਼ੀਲਤਾ ਵਜੋਂ,ਇਨ੍ਹਾਂ ਦੋਹਾਂ ਤਰ੍ਹਾਂ ਦੇ ਨਿਰੰਤਰ ਸੁਮੇਲ ਵਜੋਂ ਪੰਜਾਬੀ ਪਾਠਕਾਂ ਦਾ ਬਾਦਸ਼ਾਹ ਬਣ ਗਿਆ ਹੈ। ਆਪਣੀ ਸਾਹਿਤਕ ਪ੍ਰਯੋਜਨ ਦੀ ਸਮਝ - ਸਮਰੱਥਾ ਦੇ ਨਾਲ -

ਨਾਲ ਉਹ ਸਾਹਿਤਕ ਮਾਹੌਲ ਸਿਰਜਣ ਦਾ ਵੀ ਓਡਾ ਹੀ ਵੱਡਾ ਕਲਾਕਾਰ ਹੈ। ਸਾਹਿਤ ਅਤੇ ਸੱਭਿਆਚਾਰ ਦੀਆਂ ਸੂਖ਼ਮ ਤੰਦਾਂ ਨੂੰ ਨੇੜਿਓਂ ਦੇਖਣ/ਮਾਨਣ/ ਪਰਖ਼ਣ ਦੀ ਉਸ ਦੀ ਬਿਰਤੀ ਬਾਕਮਾਲ ਹੈ। ਚੰਗੇਰੀ ਚਰਚਿਤ ਸ਼ਖ਼ਸੀਅਤ ਵਜੋਂ ਗਾਹੇ-ਬਗਾਹੇ ਸਾਹਿਤਕਾਰੀ ਦੇ ਧੁਰੰਦਰ ਵਿਦਵਾਨ ਵੀ ਉਸ ਦੇ ਵਾਰੇ- ਵਾਰੇ ਜਾਂਦੇ ਹਨ। ਇਹ ਕੋਈ ਉਪ ਭਾਵੁਕਤਾ ਨਹੀਂ ਸਗੋਂ ਸਾਹਿਤ ਪ੍ਰਤਿ ਉਸ ਦੀ ਲਗਨ, ਦ੍ਰਿੜ੍ਹਤਾ/ ਸੁਹਿਰਦਤਾ ਦਾ ਉਹ ਜਿਉਂਦਾ - ਜਾਗਦਾ ਸਬੂਤ ਹੈ। ਇਥੋਂ ਤੱਕ ਕਿ ਕਰਨੈਲ ਸਿੰਘ ਪਾਰਸ ਨਾਲ ਉਸ ਦੀ ਪਲੇਠੀ ਮਿਲਣੀ ਆਪਣੀ ਮਿਸਾਲ ਆਪ ਹੈ,ਜਾਣੋ - ਪਾਰਸ ਦੀਆਂ ਸਾਰੀਆਂ ਕਿਆਸ ਅਰਾਈਆਂ ਫੇਲ੍ਹ ਹੋ ਜਾਂਦੀਆਂ ਹਨ। ਡੂੰਘੀ ਨੀਝ ਨਾਲ ਦੇਖਿਆ ਜਾਵੇ ਤਾਂ ਹਥਲੀ ਪੁਸਤਕ ਦੀ ਵਾਰਤਕ ਸ਼ੈਲੀ ਵੀ ਇਸ ਦਾ ਪ੍ਰਤੱਖ ਪ੍ਰਮਾਣ ਹੈ।

ਪੁਸਤਕ " ਕਰਨੈਲ ਸਿੰਘ ਪਾਰਸ ਦਾ ਜੀਵਨ ਤੇ ਰਚਨਾ " ਦੇ ਸਮੁੱਚੇ ਅਧਿਐਨ ਤੋਂ ਮੈਨੂੰ ਪ੍ਰਤੀਤ ਹੋਇਆ ਕਿ ਸਾਹਿਤ-ਵਿਧਾ ਵਜੋਂ ਇਹ ਪੁਸਤਕ ਕੇਵਲ ਜੀਵਨੀ-ਮੂਲਕ ਗੁਣਾਂ ਦਾ ਹੀ ਇਜ਼ਹਾਰ ਨਹੀਂ ਕਰਦੀ ਸਗੋਂ ਜੀਵਨੀਕਾਰ ਜਾਂ ਲੇਖਕ ਦੀ ਹੈਸੀਅਤ ਵਜੋਂ ਵਿਸ਼ੇਸ਼ ਪ੍ਰਤੀਬੱਧਤਾ ਦਾ ਵੀ ਅਹਿਸਾਸ ਕਰਵਾਉਂਦੀ ਹੈ। ਇਸ ਦੀ ਖ਼ਾਸੀਅਤ ਇਹ ਹੈ ਕਿ ਨਿੰਦਰ ਘੁਗਿਆਣਵੀ ਵਿਸ਼ਾਗਤ ਪਰਿਪੇਖ ਵਜੋਂ ਖ਼ੁਦ ਵੀ ਸਵਾਲ ਉਠਾਉਂਦਾ ਹੈ ਅਤੇ ਆਪਣੇ ਸਾਹਿਤਕ ਅਕੀਦੇ ਵਜੋਂ ਸਵਾਲ ਉਠਾਉਣ ਦਾ ਸਾਰਥਿਕ ਮਾਹੌਲ ਵੀ ਉਤਪੰਨ ਕਰਦਾ ਹੈ। ਉਸ ਦੀ ਰਚਨਾਤਮਿਕ ਪ੍ਰਤਿਭਾ ਦਾ ਇਹੋ ਮੂਲ ਗੁਣ ਹੈ ਜੋ ਪਾਠਕਾਂ ਨੂੰ ਮਾਲਾਮਾਲ ਕਰ ਦਿੰਦਾ ਹੈ। ਮੇਰੀ ਜਾਚੇ, ਅਗਰ ਕਿਸੇ ਸੂਝਵਾਨ ਸੱਜਣ ਨੇ ਸਾਹਿਤ, ਇਤਿਹਾਸ ਜਾਂ ਸੱਭਿਆਚਾਰਕ ਵਿਰਸੇ ਨੂੰ ਸਾਂਭਣ ਦੀ ਜਾਂਚ ਸਿੱਖਣੀ ਹੋਵੇ ਤਾਂ ਨਿੰਦਰ ਘੁਗਿਆਣਵੀ ਤੋਂ ਸਿੱਖੇ --- ਉਸ ਨੂੰ ਆਪਣਾ ਉਸਤਾਦ ਧਾਰਨ ਕਰੇ। ਕਾਰਨ ਸਪੱਸ਼ਟ ਹੈ, ਉਹ ਇਤਿਹਾਸਕ ਤੱਥਾਂ ਦੀ ਪ੍ਰਮਾਣਿਕਤਾ ਨੂੰ ਹੀ ਨਹੀਂ ਸਗੋਂ ਸਾਹਿਤਕਾਰੀ ਦੀ ਮੂਲ ਸ਼ਰਤ ਵਜੋਂ, ਉਨ੍ਹਾਂ ਤੱਥਾਂ ਦੀ ਇਤਿਹਾਸਕ ਚੇਤਨਾ ਨੂੰ ਵੀ ਆਪਣੇ ਪਾਠਕਾਂ ਦੇ ਰੂਬਰੂ ਕਰਦਾ ਹੈ, ਭਾਵ ਉਹ ਸਾਹਿਤਕਾਰੀ ਦੇ ਤੌਰ 'ਤੇ ਸ਼ਬਦਾਂ ਦੇ ਇਕੱਠ ਨੂੰ ਹੀ ਪਹਿਲ ਨਹੀਂ ਦਿੰਦਾ, ਮਨੁੱਖੀ ਸਰੋਕਾਰਾਂ ਆਧਾਰਿਤ ਸਾਹਿਤ ਚੇਤਨਾ/ਚਿੰਤਨ ਨੂੰ ਵੀ ਪ੍ਰਧਾਨਤਾ ਦਿੰਦਾ ਹੈ, ਇਸ ਤੋਂ ਇਲਾਵਾ ਸੱਭਿਆਚਾਰਕ ਵਿਰਸੇ/ ਪ੍ਰਬੰਧ ਦੀ ਨਿਸ਼ਾਨਦੇਹੀ ਹੀ ਨਹੀਂ ਕਰਦਾ, ਉਸ ਦੇ ਸਮਕਾਲੀ ਸੰਦਰਭ ਪ੍ਰਤਿ ਵੀ ਉਹ ਓਨਾ ਹੀ ਚੇਤੰਨ ਹੁੰਦਾ ਹੈ।

ਮੈਂ ਕਹਿ ਦੇਵਾਂ,ਸਾਹਿਤ ਪ੍ਰਤਿ ਉਸ ਦੀ ਵਿਅਕਤੀਗਤ ਪਹੁੰਚ ਅਤੇ ਨਿਵੇਕਲੀ ਵਾਰਤਕ ਸ਼ੈਲੀ ਦੀਆਂ ਉਭਰਦੀਆਂ, ਉਪਰੋਕਤ ਧਾਰਨਾਵਾਂ ਨੂੰ ਇਸ ਪੁਸਤਕ 'ਚੋਂ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ,ਘੁਗਿਆਣਵੀ ਬਤੌਰ ਲੇਖਕ, ਸਾਹਿਤਕਾਰੀ ਦੇ ਵਿਸ਼ੇਸ਼ ਮਾਪਦੰਡਾਂ/ ਪ੍ਰਤਿਮਾਨਾਂ ਦੇ ਮੱਦੇਹਨਜ਼ਰ, ਆਪਣੀ ਬਣਦੀ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਿਭਾ ਰਿਹਾ ਹੈ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਢਾਈ ਦਹਾਕੇ ਪਹਿਲਾਂ ਪਾਠਕਾਂ ਨੂੰ ਮੁਖ਼ਾਤਿਬ ਹੁੰਦੇ, ਕਵੀਸ਼ਰ ਕਰਨੈਲ ਸਿੰਘ ਪਾਰਸ ਦੇ ਇਹ ਗੌਲਣਯੋਗ ਸਵਾਲ ਅੱਜ ਵੀ ਗ਼ੈਰਪ੍ਰਾਸੰਗਿਕ ਨਹੀਂ ; ਉਹ ( ਪਾਰਸ) ਪੈਂਦੀ ਸੱਟੇ,ਪੰਜਾਬੀ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਸਵਾਲ ਕਰਦਾ ਹੈ:-

"ਕੇਂਦਰੀ ਲੇਖਕ ਸਭਾਵਾਂ ਪੰਜਾਬ ਵਿੱਚ ਦੋ ਹਨ, ਕਿਉਂ ? ਇੱਕ ਹੋਣੀ ਚਾਹੀਦੀ ਐ। ਜਦੋਂ ਇਹ ਲੇਖਕ ਬੁੱਧੀਜੀਵੀ ਹੀ ਨਹੀਂ ਇਕੱਠੇ ਤਾਂ ਲੋਕਾਂ ਨੂੰ 'ਕੱਠਿਆਂ ਕਰਨ ਲਈ ਇਹ ਕੀ ਉਪਦੇਸ਼ ਦੇਣਗੇ? ਇਨ੍ਹਾਂ ਲੋਕਾਂ ਨੇ ਹੀ ਤਾਂ ਆਮ ਲੋਕਾਂ ਨੂੰ ਸਿੱਖਿਆ ਦੇਣੀ ਹੁੰਦੀ ਐ ਲਾਮਵੰਦ ਕਰਨਾ ਹੁੰਦੈ। --- ਪੰਜਾਬ ਦੇ ਬੁੱਧੀਜੀਵੀਓ! ਕਿਰਪਾ ਕਰੋ, ਇੱਕ ਹੋ ਜਾਓ ਤੇ ਮਾਂ ਬੋਲੀ ਦੀ ਸੇਵਾ ਅਤੇ ਤਰੱਕੀ ਵਿੱਚ ਜੁਟ ਜਾਵੋ। ਅੱਜ ਪੰਜਾਬੀ ਬੋਲੀ ਦਾ ਹਰ ਪਾਸਿਓਂ ਘਾਣ ਕੀਤਾ ਜਾ ਰਿਹਾ ਹੈ। ਪੰਜਾਬੀ ਮਾਂ ਬੋਲੀ ਮਰਦੀ ਜਾ ਰਹੀ ਹੈ, ਇਸ ਨੂੰ ਬਚਾ ਲਓ। --- ਸਾਡਾ ਮਹਾਨ ਪੰਜਾਬੀ ਸੱਭਿਆਚਾਰ ਖ਼ਤਰੇ ਵਿਚ ਐ। ਪੱਛਮੀ ਪ੍ਰਭਾਵ ਹੇਠ ਪੰਜਾਬੀ ਸੱਭਿਆਚਾਰ ਬੁਰੀ ਤਰ੍ਹਾਂ ਆ ਚੁੱਕਾ ਐ। ਇਸ ਨੂੰ ਬਚਾਇਆ ਜਾਵੇ। " ( 124)

ਅਜੋਕੇ ਗਾਇਕਾਂ ਅਤੇ ਗਾਇਕਾਵਾਂ ਨੂੰ ਪੁੱਛਦਾ ਸੀ "ਨਚਾਰੋ! ਬੀਬਾ ਨਰਿੰਦਰ ਕੌਰ ਕਿੰਨਾ ਕੁ ਨੱਚਦੀ ਟੱਪਦੀ ਸੀ? ਲਾਲ ਚੰਦ ਯਮਲਾ ਜੱਟ ਕਿੰਨਾ ਕੁ ਟੱਪਦਾ ਸੀ। ਸੁਰਿੰਦਰ ਕੌਰ ਵੇਖੀ ਕਿਸੇ ਨੇ ਭੁੜਕਦੀ ਫਿਰਦੀ ? ਜਾਂ ਹੋਰ ਸਿਆਣੇ ਬੀਬੇ ਕਲਾਕਾਰ ਕਈ ---। " (108)

ਅੱਜ ਦੇ ਜ਼ਮਾਨੇ ਵਿਚ ਬਹੁਤ ਸਾਰੇ ਅਦੀਬ ਲੋਕ 'ਸਨਮਾਨ' ਦੇ ਸਹੀ ਮਾਅਨੇ ਜਾਣਦੇ ਹੀ ਨਹੀਂ --- ਜਿਵੇਂ ਆਪਣਾ ਅਪਮਾਨ ਹੀ ਕਰਵਾ ਰਹੇ ਐ, ਜਿਵੇਂ ਕਿ ਕਈ ਸਾਰੀਆਂ ਸੰਸਥਾਵਾਂ,ਜਿਸ ਕਿਸੇ ਅਦੀਬ ਨੂੰ ਸਨਮਾਨਿਤ ਕਰਦੀਆਂ ਹਨ ਤਾਂ ਉਸ ਤੋਂ, ਉਸ ਨੂੰ ਸਨਮਾਨ ਵਿੱਚ ਦਿੱਤੀ ਜਾਣ ਵਾਲੀ ਰਾਸ਼ੀ ਜਾਂ ਹੋਰ ਸਮਾਨ ਵਗ਼ੈਰਾ ਪਹਿਲੋਂ ਹੀ ਵਸੂਲ ਕਰ ਲੈਂਦੀਆਂ ਨੇ, ਇਹ ਕਿੱਧਰਲਾ ਸਨਮਾਨ ਐਂ ਭਲਾ ?( 127)

ਇਨ੍ਹਾਂ ਸਵਾਲਾਂ ਨੂੰ ਅੱਗੇ ਤੋਰਦਿਆਂ ਨਿੰਦਰ ਘੁਗਿਆਣਵੀ ਨੇ ਆਪਣੇ ਮੁਹੱਬਤੀ ਸ਼ਬਦਾਂ ਦੀ ਓਟ ਲੈਂਦਿਆਂ, ਇਸ ਜੀਵਨੀ- ਪੁਸਤਕ ਨੂੰ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ ਹੈ। ਹਥਲੇ ਸੰਵਾਦ ਦਾ ਆਧਾਰ ਬਣੀ ਕਰਨੈਲ ਸਿੰਘ ਪਾਰਸ ਹੁਰਾਂ ਦੀ ਕਲਮ ਨੂੰ ਵੀ ਨਤਮਸਤਿਕ ਹੋਣਾ ਬਣਦਾ ਹੈ, ਸਾਹਿਤ ਦੇ ਪਾਰਖੂਆਂ/ ਵਿਦਵਾਨਾਂ/ ਬੁੱਧੀਜੀਵੀਆਂ ਦੀ ਦ੍ਰਿਸ਼ਟੀ ਵਿੱਚ ਬਤੌਰ ਕਵੀਸ਼ਰ ਪਾਰਸ (ਰਾਮੂਵਾਲੀਆ) ਨੂੰ ਕੌਮੀ - ਕੌਮਾਂਤਰੀ ਪੱਧਰ 'ਤੇ ਬੜੀ ਮਾਣਤਾ ਵੀ ਮਿਲੀ। ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵੱਲੋਂ 'ਸ਼੍ਰੋਮਣੀ ਕਵੀਸ਼ਰ ਪੁਰਸਕਾਰ ' ( 1985),ਪਰਵਾਸੀ ਐਵਾਰਡ,ਬਾਬੂ ਰਜਬ ਅਲੀ ਪੁਰਸਕਾਰ ਆਦਿ ਅਨੇਕਾਂ ਮਾਣ ਸਨਮਾਨ ਮਿਲੇ। ਪਾਰਸ ( ਰਾਮੂਵਾਲੀਆ)ਦੇ ਕਹਿਣ ਮੁਤਾਬਿਕ ਕਿ ਉਹ ਜਦੋਂ ਆਮ ਲੋਕਾਂ ਦੇ ਦਿਲਾਂ ਦਾ ਬਾਦਸ਼ਾਹ ਬਣ ਗਿਆ, ਇਸ ਤੋਂ ਵੱਡੀ ਪ੍ਰਾਪਤੀ ਹੋਰ ਕੀ ਹੋ ਸਕਦੀ ਹੈ? ਸਮੇਂ - ਸਮੇਂ ਅਨੁਸਾਰ ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ/ਗੀਤ /ਰਚਨਾਵਾਂ/ ਕਿੱਸੇ ਮੇਲਿਆਂ - ਮੁਸ਼ਾਇਰਿਆਂ/ ਸਾਹਿਤਕ ਸਮਾਗਮਾਂ/ ਸੱਥਾਂ /ਸਿੱਖ ਸੰਸਥਾਵਾਂ ਦਾ ਸ਼ਿੰਗਾਰ ਬਣਦੇ ਰਹੇ; ਇਉਂ ਪੰਜਾਬੀ ਕਵੀਸ਼ਰੀ-ਜਗਤ ਵਿੱਚ ਉਸਨੇ ਬੜੀਆਂ ਵੱਡੀਆਂ ਮੱਲਾਂ ਮਾਰੀਆਂ।

ਕਰਨੈਲ ਸਿੰਘ ਪਾਰਸ ਹੁਰਾਂ ਦੀਆਂ ਇਨ੍ਹਾਂ ਪ੍ਰਾਪਤੀਆਂ/ ਉਪਲੱਬਧੀਆਂ ਦੇ ਸੰਦਰਭ ਵਿੱਚ ਨਿੰਦਰ ਘੁਗਿਆਣਵੀ ਨੇ ਉਸ ਦੀ ਪਾਰਦਰਸ਼ੀ ਕਾਵਿ - ਸ਼ਖ਼ਸੀਅਤ ਨੂੰ ਵੀ ਬੜੇ ਭਾਵਪੂਰਤ ਪਰੰਤੂ ਬੜੇ ਨਿਖਰਵੇਂ ਰੂਪ ਵਿੱਚ ਆਪਣੇ ਪਾਠਕਾਂ ਦੇ ਸਨਮੁੱਖ ਕੀਤਾ ਹੈ। ਕੋਈ ਦੋ ਰਾਵਾਂ ਨਹੀਂ, ਪਾਰਸ ਹੁਰਾਂ ਦੀ ਜੀਵਨ - ਸ਼ੈਲੀ,ਰਹਿਣੀ - ਬਹਿਣੀ,ਖਾਣ - ਪੀਣ ਸੰਬੰਧੀ ਭਾਵੇਂ ਉਸ ਨੇ ਖ਼ੁਦ ਸਵਾਲ ਨਹੀਂ ਉਠਾਏ ਪਰੰਤੂ ਸਿੱਧੇ - ਅਸਿੱਧੇ ਤੌਰ 'ਤੇ ਉੱਠੇ ਉਹ ਸਵਾਲ,ਸਾਡੇ ਆਪਣੇ ਪੰਜਾਬ ਦੀਆਂ ਸੱਭਿਆਚਾਰਕ ਕਦਰਾਂ ਕੀਮਤਾਂ ਵਿਸ਼ੇਸ਼ ਕਰਕੇ ਸਿੱਖ ਸੱਭਿਆਚਾਰ/ ਸਿੱਖ ਸਿਧਾਂਤਾਂ ਦੀ ਰੌਸ਼ਨੀ ਵਿੱਚ ਵਿਸ਼ੇਸ਼ ਤੌਰ 'ਤੇ ਵਿਚਾਰਨਯੋਗ ਹਨ। ਇਹ ਵੀ ਕੋਈ ਸ਼ੱਕ ਨਹੀਂ, ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਪਾਰਸ ਹੁਰਾਂ ਨੇ ਆਪਣੇ ਜਿਉਂਦੇ ਜੀਅ ਖ਼ੁਦ ਹੀ ਆਪਣੇ ਬਣੇ - ਬਣਾਏ ਮਾਨਸਿਕ ਵਿਚਾਰਾਂ ਤਹਿਤ ਜਾਂ ਹਾਜ਼ਰ ਜਵਾਬੀ ਦੇ ਰੂਪ ਵਿੱਚ ਜਾਂ ਆਪਣੇ ਵਕਤੀ ਤੌਰ 'ਤੇ ਬਣੇ ਮਾਹੌਲ ਮੁਤਾਬਿਕ ਦੇ ਹੀ ਦਿੱਤੇ ਸਨ। --- ਦੂਜੇ ਪਾਸੇ ਉਸ ਦੇ ਇਨ੍ਹਾਂ ਜੀਵਨ - ਤੱਥਾਂ ਦੇ ਨੁਕਤਾਨਿਗਾਹ ਤੋਂ ਇਹ ਸਵਾਲ ਵੀ ਜ਼ਰੂਰ ਉੱਠਦਾ ਹੈ ਕਿ ਪਾਰਸ ਹੁਰੀਂ ਆਪਣੀ ਕਰਨੀ ਤੇ ਕਥਨੀ ਵਿੱਚ ਕਿੰਨਾ ਕੁ ਸੁਮੇਲ ਸਥਾਪਤ ਕਰ ਸਕੇ ਹਨ? ਇਹ ਵੀ ਨਹੀਂ ਕਿ ਅਸੀਂ ਸਾਰੇ ਦੁੱਧ ਧੋਤੇ ਹਾਂ, ਸੌ ਪ੍ਰਤਿਸ਼ਤ ਅਜਿਹਾ ਦਾਅਵਾ ਕਰਨਾ

ਵੀ ਆਮ ਹਾਰੀ ਸਾਰੀ ਦੇ ਵੱਸ ਦੀ ਗੱਲ ਨਹੀਂ। ਸਵਾਲ ਤਾਂ ਇਹ ਉੱਠਦਾ ਹੈ ਕਿ ਕਵੀਸ਼ਰੀ ਦੀਆਂ ਸਾਈਆਂ/ ਵਧਾਈਆਂ ਜਾਂ ਇਨਾਮਾਂ ਨੂੰ ਹਾਸਲ ਕਰਨ ਦੀ ਉਹ ਪ੍ਰੰਪਰਾ ਜੋ ਮਾਇਆਵੀ ਰਾਸ਼ੀ ਦੇ ਨਾਲ - ਨਾਲ ਇੱਕ ਬੋਤਲ ਜਾਂ ਦੋ ਬੋਤਲਾਂ ਸ਼ਰਾਬ ਨਾਲ ਜੁੜ ਗਈ --- ਸਾਡੇ ਸੱਭਿਆਚਾਰ ਅਨੁਸਾਰ ਇਸਨੂੰ ਕਿਥੋਂ ਤੱਕ ਜਾਇਜ਼ ਮੰਨਿਆ ਜਾ ਸਕਦਾ ਹੈ? ਵਿਸ਼ੇਸ਼ ਕਰਕੇ ਉਸ ਸਮੇਂ ਜਦੋਂ ਕਰਨੈਲ ਸਿੰਘ ਪਾਰਸ ਵਰਗੇ ਕਿਸੇ ਵਿਅਕਤੀ - ਵਿਸ਼ੇਸ਼ ਵੱਲੋਂ ਪੰਜਾਬੀ ਕਿੱਸਾਕਾਰੀ ਸਮੇਤ, ਲੋੜ ਪੈਣ 'ਤੇ ਦਸਮੇਸ਼ ਪਿਤਾ ਦੇ ਸਾਹਿਜ਼ਾਦਿਆਂ ਦੀ ਸ਼ਹੀਦੀ ਦੇ ਪ੍ਰਸੰਗ ਵੀ ਸਿੱਖ ਸੰਗਤਾਂ ਨਾਲ ਸਾਂਝੇ ਕੀਤੇ ਜਾਂਦੇ ਹੋਣ। ਮੇਰੀ ਜਾਚੇ, ਕਿਸੇ ਵੀ ਕਾਵਿ - ਸ਼ਖ਼ਸੀਅਤ ਵਲੋਂ ਅਜਿਹੀ ਦੁਵੱਲੀ ਕਿਰਿਆਸ਼ੀਲਤਾ ਨੂੰ ਨਿੱਜੀ ਤੌਰ 'ਤੇ ਜਾਇਜ਼/ ਨਜਾਇਜ਼ ਕਹਿਣਾ ਉਨ੍ਹਾਂ ਦਾ ਆਪਣਾ ਅਧਿਕਾਰ ਮੰਨਿਆ ਜਾ ਸਕਦਾ ਹੈ, ਪਰੰਤੂ ਸਮੂਹਿਕ ਰੂਪ ਵਿੱਚ ਇਹ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਕਾਰਨ ਵੀ ਬਣ ਜਾਂਦਾ ਹੈ। --- ਭਾਵੇਂ ਸੱਚ ਤਾਂ ਇਹ ਵੀ ਹੈ ਕਿ ਜਦੋਂ ਮੌਕਾ ਬਣਨ 'ਤੇ ਪਾਰਸ ਜੀ ਨਿੰਦਰ ਘੁਗਿਆਣਵੀ ਨੂੰ ਮਦਰਾ ਪੀਣ ਲਈ ਦਾਅਵਤ ਦਿੰਦੇ ਹਨ ਤਾਂ ਨਿੱਜੀ ਕਲਚਰ ਮੁਤਾਬਿਕ ਉਹਨਾਂ ਦੀ ਆਪਣੀ ਦਲੀਲ ਬੜੀ ਪਾਏਦਾਰ ਹੁੰਦੀ ਹੈ। ਬਜ਼ਾਤੇ ਖ਼ੁਦ, ਉਹਨਾਂ ਦੀਆਂ ਪ੍ਰਾਪਤੀਆਂ ਅੱਗੇ ਅੱਜ ਵੀ ਇਹੋ ਕਹਿਣਾ ਬਣਦਾ ਹੈ --- ਉਹ ਭਾਵੇਂ ਦੁਨੀਆਂ ਤੋਂ ਰੁਖ਼ਸਤ ਹੋ ਗਏ --- ਇਹ ਸਾਰਾ ਕੁਝ ਉਹਨਾਂ ਦੀਆਂ ਜੀਵਨ ਪ੍ਰਾਪਤੀਆਂ ਨੂੰ ਮੁਬਾਰਕ। --- ਪਰ ਦੂਸਰੇ ਪਾਸੇ ਨਤੀਜੇ ਕੁੱਝ ਵੀ ਸਾਹਮਣੇ ਆਉਣ, ਅੱਜ ਜਦੋਂ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਸਰਕਾਰਾਂ ਵੱਲੋਂ "ਯੁੱਧ ਨਸ਼ਿਆਂ ਵਿਰੁੱਧ" ਦੇ ਨਾਅਰੇ ਲਾਏ ਜਾ ਰਹੇ ਹਨ --- ਇਹ ਵਿਚਾਰ ਵਿਸ਼ੇਸ਼ ਗੰਭੀਰਤਾ ਦੀ ਮੰਗ ਕਰਦਾ ਹੈ। ਹੋ ਸਕਦਾ ਹੈ ਕਿ ਪਾਰਸ ਹੁਰਾਂ 'ਤੇ, ਰੋਜ਼ਾਨਾ ਦੇ ਘਰੇਲੂ ਨੁਸਖ਼ਿਆਂ ਦੇ ਰੂਪ ਵਿੱਚ ਆਪਣੇ ਆਲੇ ਦੁਆਲੇ ਦੇ ਘਰੇਲੂ ਮਾਹੌਲ ਦਾ ਹੀ ਅਸਰ ਹੋ ਗਿਆ ਹੋਵੇ, ਜਿਵੇਂ ਕਿ ਉਹ ਆਪਣੇ ਪਿਤਾ ਸ. ਤਾਰਾ ਸਿੰਘ ਬਾਰੇ ਨਿੰਦਰ ਘੁਗਿਆਣਵੀ ਨੂੰ ਖ਼ੁਦ ਆਪਣੇ ਮੂੰਹੋਂ ਦੱਸਦਾ ਹੈ ਕਿ ਉਹ ਬਾਕੀ ਨਸ਼ਿਆਂ ਦੇ ਨਾਲ - ਨਾਲ ਹਰ ਰੋਜ਼ ਦੀ ਇੱਕ ਤੋਲਾ ਅਫ਼ੀਮ ਵੀ ਖਾ ਲੈਂਦਾ ਸੀ।(40) ਪਰਿਵਾਰਕ ਤੌਰ 'ਤੇ ਇਹ ਗੱਲ ਕਿਸੇ ਹੱਦ ਤੱਕ ਸੁਭਾਵਿਕ ਵੀ ਹੈ --- ਕੁੱਝ ਵੀ ਹੋਵੇ, ਇਹ ਇੱਕ ਵਿਗਿਆਨਕ ਗੱਲ ਹੈ ਕਿ ਉਹਨਾਂ (ਪਾਰਸ ਹੁਰਾਂ) ਦੀ ਕਿਰਦਾਰੀ - ਪ੍ਰਤਿਭਾ ਦੇ ਆਧਾਰ 'ਤੇ ਨਸ਼ਿਆਂ ਦੇ ਪ੍ਰਤਿਕਰਮ ਵਜੋਂ ਪੈਦਾ ਹੋਣ ਵਾਲੇ ਖ਼ਤਰਨਾਕ ਰੁਝਾਨ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਹੋ ਕਾਰਨ ਸੀ ਕਿ ਆਪਣੇ ਨਿਰਧਾਰਿਤ ਪ੍ਰੋਗਰਾਮਾਂ ਦੌਰਾਨ ਵੀ, ਉਸ ਨੂੰ ਕਈ ਵਾਰ ਆਪਣੇ ਵਿਰੋਧੀਆਂ ਵੱਲੋਂ ਅਜਿਹੇ ਤਾਨ੍ਹੇ- ਮਿਹਣੇ

ਵੀ ਸੁਣਨ ਨੂੰ ਮਿਲਦੇ। ਇਹ ਵੱਖਰੀ ਗੱਲ ਹੈ ਕਿ ਉਹ ਆਪਣੀ ਕਲਾ - ਕਲਮ - ਕਰਮ ਦੀ ਤ੍ਰਿਵੈਣੀ ਦੇ ਬਲਬੂਤੇ ਹਮੇਸ਼ਾਂ ਜੇਤੂ ਰਿਹਾ। ਉਸ ਨਾਲ ਹੋਈਆਂ ਮਿਲਣੀਆਂ/ ਮੁਲਾਕਾਤਾਂ ਦੇ ਆਧਾਰ 'ਤੇ ਨਿੰਦਰ ਘੁਗਿਆਣਵੀ ਨੇ ਵੀ ਇਹ ਜ਼ਿਕਰ ਕੀਤਾ ਹੈ, ਵਿਰੋਧੀ ਕਹਿ ਹੀ ਦਿੰਦੇ:

"ਪਾਰਸ ਨੂੰ ਨਾ ਸੱਦੋ,ਉਹ ਸ਼ਰਾਬ ਪੀਂਦਾ ਹੈ। ਕਛਹਿਰਾ ਨਹੀਂ ਪਾਉਂਦਾ,ਨਿੱਕਰ ਪਾਉਂਦਾ ਹੈ,……ਖੋਲ੍ਹ ਕੇ ਵੇਖੋ,ਪਾਰਸ ਆਪਦੇ ਰੋਮਾਂ ( ਵਾਲਾਂ) ਦੀ ਬੇਅਦਬੀ ਵੀ ਕਰਦਾ ਹੈ। ਪਾਰਸ ਕਾਮਰੇਡ ਹੈ, ਉਸ ਨੂੰ ਨਾ ਸੱਦੋ। "ਪਰੰਤੂ ਉਹ ( ਪਾਰਸ) ਜਵਾਬ ਵਜੋਂ ਕਹਿ ਵੀ ਦਿੰਦਾ," ਜੋ ਏਸ ਬਾਈ ਨੇ ਆਖਿਐ--- ਸਾਰਾ ਸੱਚ ਐ --- ,--- ਤੁਸੀਂ ਦੱਸੋ,ਬੀ ਮੈਂ ਚਲਿਆ ਜਾਵਾਂ?" ਅੱਗੋਂ ਵਕਤ ਦੇ ਸ੍ਰੋਤਿਆਂ ਦਾ ਜਵਾਬ ਹੁੰਦਾ,"ਪਾਰਸਾ ਨਹੀਂ ਜਾਣਾ--- ਅਸੀਂ ਤਾਂ ਆਨਾ - ਆਨਾ ਫ਼ੀਮ ਦਾ ਡੰਗ ਕੇ, ਦੂਰੋਂ-ਦੂਰੋਂ ਤੈਨੂੰ ਸੁਣਨ ਆਏ ਆਂ --- ਪਾਰਸਾ ਨਹੀਂ ਜਾਣਾ---।" ( 60) ਕੁਝ ਵੀ ਸੀ, ਕਿਸੇ ਵੀ ਵਿਅਕਤੀ ਦੇ ਨਿੱਜੀ ਜੀਵਨ ਦਾ ਅਜਿਹਾ ਵਰਤਾਰਾ ਅਤੇ ਦੂਜੇ ਪਾਸੇ ਕਿਸੇ ਧਿਰ - ਵਿਸ਼ੇਸ਼ ਦੇ ਸੱਭਿਆਚਾਰ ਜਾਂ ਧਰਮ - ਚੇਤਨਾ ਦੀਆਂ ਪ੍ਰਬੰਧਕੀ ਮਰਯਾਦਾਵਾਂ, ਇਨ੍ਹਾਂ ਦੋਹਾਂ ਦੇ ਨਿਖੇੜ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਮੰਨਣਾ ਪਵੇਗਾ ਕਿ ਕਿੱਸਾਕਾਰੀ ਦੇ ਪੇਂਡੂ ਅਖਾੜਿਆਂ ਅਤੇ ਧਾਰਮਿਕ ਅਸਥਾਨਾਂ ਦੀ ਮਰਯਾਦਾ ਨੂੰ ਇੱਕੋ ਧਰਾਤਲ ਜਾਂ ਮੰਚ ਤੋਂ ਸਵੀਕ੍ਰਿਤੀ ਮਿਲਣੀ ਸੰਭਵ ਨਹੀਂ ਹੋ ਸਕਦੀ।

ਪੁਸਤਕ ਵਿੱਚੋਂ ਮਿਲਦੇ ਹਵਾਲਿਆਂ ਅਨੁਸਾਰ ਦੂਸਰਾ ਨੁਕਤਾ ਕਿ ਰੱਬੀ- ਭਾਣੇ ਜਾਂ ਅਲੌਕਿਕ ਸ਼ਕਤੀ ਪ੍ਰਤਿ ਪਾਰਸ ਰਾਮੂਵਾਲੀਆ ਹੁਰਾਂ ਦੀ ਕੀ ਆਸਥਾ ਰਹੀ ਅਤੇ ਬਤੌਰ ਕਮਿਊਨਿਸਟ ਲਹਿਰ ਦੇ ਸਰਗਰਮ ਸਾਥੀ, ਪਾਰਟੀ ਪ੍ਰਤਿ ਉਸ ਦੀ ਸਮਰਪਣ ਭਾਵਨਾ ਜਾਂ ਉਸ ਵੱਲੋਂ ਪਾਇਆ ਆਪਣਾ ਯੋਗਦਾਨ ਕੀ ਹੈ? ਇਹ ਵੀ ਉਹਨਾਂ ਦੀ ਜੀਵਨ ਸ਼ੈਲੀ ਦੇ ਵਿਚਾਰਨਯੋਗ ਪਹਿਲੂ ਹਨ। --- ਮੁੜ ਦੁਹਰਾਵਾਂ ,ਇਹ ਸਾਰਾ ਕੁੱਝ ਪੁਸਤਕ ਦੇ ਪ੍ਰਮਾਣਿਕ ਹਵਾਲਿਆਂ ਦਾ ਪ੍ਰਤਿਕਰਮ ਹੈ, ਤਾਂ ਕਿ ਉਹਨਾਂ ਦੇ ਨਜ਼ਦੀਕੀ ਜਾਂ ਨੇੜੇ ਦੇ ਪ੍ਰੇਮੀ ਇਸ ਨੂੰ ਕੋਈ ਬੇਲੋੜੀ ਜਾਂ ਨਿੱਜੀ ਟੀਕਾ - ਟਿੱਪਣੀ ਨਾ ਸਮਝ ਲੈਣ। --- ਇਹ ਚਰਚਾ ਕਰਨ ਦਾ ਵੀ ਇਥੇ ਵਿਸ਼ੇਸ਼ ਮਨੋਰਥ ਹੈ ਕਿਉਂਕਿ ਇਹ ਵਿਅਕਤੀਗਤ ਨਹੀਂ,ਸਾਡੀ ਕਵੀਸ਼ਰੀ ਪ੍ਰੰਪਰਾ ਦੇ ਭਵਿੱਖ ਦਾ ਮਸਲਾ ਹੈ, ਬਸ਼ਰਤੇ ਕਿ ਜੇਕਰ ਅਸੀਂ ਇਹ ਤਨੋਂ ਮਨੋਂ ਚਾਹੁੰਦੇ ਹਾਂ ਕਿ ਇਸ ਕਵੀਸ਼ਰੀ ਦੀ ਰਵਾਇਤੀ/ ਕਾਵਿ - ਪ੍ਰੰਪਰਾ ਦੇ ਇਤਿਹਾਸ ਨੂੰ ਅੱਗੇ ਤੋਰਨ ਲਈ ਯਤਨਸ਼ੀਲ ਹੋਣਾ ਹੈ। --- ਮੈਂ ਦਾਅਵੇ ਨਾਲ਼ ਕਹਿ ਸਕਦਾ ਹਾਂ ਕਿ ਕਰਨੈਲ ਸਿੰਘ ਪਾਰਸ ਆਪਣੀਆਂ ਲਿਖਤਾਂ ਵਜੋਂ ਆਪਣੇ ਸਮਕਾਲ ਦੇ ਹੀ ਨਹੀਂ, ਇਸ ਭੌਤਿਕ ਜਗਤ ਤੋਂ ਵਿਦਾ ਹੋਣ ਤੋਂ ਬਾਅਦ

ਵੀ,ਸਾਡੇ ਭਵਿੱਖ ਦੇ ਵੀ ਰੋਲ ਮਾਡਲ ਹਨ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਵਲੋਂ "ਪ੍ਰੀਤਲੜੀ" ਮੈਗਜ਼ੀਨ ਕੱਢਿਆ ਜਾਂਦਾ ਸੀ। ਕੋਈ ਸਮਾਂ ਸੀ, ਧਰਮ ਆਸਥਾ ਦਾ ਵਿਰੋਧੀ ਹੋਣ ਵਜੋਂ,ਐਸ ਜੀ ਪੀ ਸੀ ਵੱਲੋਂ ਉਸ ਮੈਗਜ਼ੀਨ ਨੂੰ ਪੜ੍ਹਨ 'ਤੇ ਪਾਬੰਦੀ ਵੀ ਲਗਾ ਦਿੱਤੀ ਗਈ ਸੀ। ਕਰਨੈਲ ਸਿੰਘ ਪਾਰਸ ਹੁਰਾਂ ਨਾਲ ਸੰਬੰਧਿਤ "ਪ੍ਰੀਤਲੜੀ" ਦਾ ਇਹ ਘਟਨਾਕ੍ਰਮ ਇਸ ਪੱਖੋਂ ਜ਼ਿਕਰਯੋਗ ਹੈ :

"ਬਰਨਾਲਾ ਨੇੜੇ ਪਿੰਡ ਕਲਾਲ ਮਾਜਰਾ ਦੇ ਗੁਰਦੁਆਰੇ ਵਿੱਚ ਰਾਤ ਨੂੰ ਦੀਵਾਨ ਸੀ। ਪਾਰਸ ਨੂੰ ਵੀ ਉਥੇ ਸੱਦਿਆ ਗਿਆ ਸੀ। ਪਾਰਸ ਆਪਣੇ ਨਾਲ ਝੋਲੇ ਵਿੱਚ 'ਪ੍ਰੀਤਲੜੀ' ਪਾ ਕੇ ਤੁਰ ਗਿਆ ਸੀ। ਗੁਰਦੁਆਰੇ ਵਿੱਚ ਹੀ, ਜ਼ਰਾ ਕੁ ਪਰ੍ਹੇ ਜਿਹੇ ਹੋ ਕੇ, ਲਾਲਟੈਨ ਦੇ ਚਾਨਣੇ, ਉਹ 'ਪ੍ਰੀਤਲੜੀ' ਖੋਲ੍ਹ ਕੇ ਫਰੋਲਣ ਲੱਗ ਪਿਆ, ਕਿਸੇ ਜੱਥੇਦਾਰ ਨੇ ਵੇਖ ਲਿਆ ਤੇ ਜਾ ਕੇ ਹੋਰਨਾਂ ਜੱਥੇਦਾਰਾਂ ਨੂੰ ਦੱਸ ਦਿੱਤਾ। --- ਲੋਕਾਂ ਦਾ ਖਾਸਾ 'ਕੱਠ ਹੋ ਗਿਆ। ਕੋਈ ਕਹੇ, "ਤੂੰ ਗੁਰਦੁਵਾਰੇ 'ਚ ' ਪ੍ਰੀਤਲੜੀ' ਲੈ ਕੇ ਵੜਿਆ ਕਿਉਂ ਉਏ ਨਾਸਤਕਾ"? ਕੋਈ ਬੋਲੇ,"ਸਖ਼ਤ ਤੋਂ ਸਖ਼ਤ ਸਜ਼ਾ ਦਿਓ ਬਈ--- ਪਤਾ ਲੱਗ ਜੇ 'ਪ੍ਰੀਤਲੜੀ' ਕਿਵੇਂ ਪੜ੍ਹ ਹੁੰਦੀ ਐ---। --- ਇੱਕ ਨਿਹੰਗ ਸਿੰਘ ਨੇ ਆਖਿਆ "ਐਸ ਤਰ੍ਹਾਂ ਕਰੋ --- ਏਹਦਾ ਪਹਿਲਾਂ ਮੂੰਹ ਕਾਲਾ ਕਰੋ --- ਏਹਨੂੰ ਮੂੰਹ ਕਾਲਾ ਕਰਕੇ --- ਖੋਤੇ 'ਤੇ ਚਾੜ੍ਹੋ ਤੇ ਸਾਰੇ ਪਿੰਡ 'ਚ ਗੇੜਾ ਦਿਓ ---- ਵੱਡਾ ਨਾਢੂ ਖਾਂ --- । --- ਏਹਦੇ ਕਮੀਨੇ ਦੇ ਗਲ਼ ਵਿੱਚ ਛਿੱਤਰਾਂ ਦੇ ਹਾਰ ਪਾਓ। --- ਜੁੱਤੀਆਂ ਨਾਲ ਪ੍ਰੀਤਾਂ ਪਾਓ ਏਹਦੀਆਂ।" ( 52)

ਖ਼ੈਰ, ਇਹ ਵੀ ਕਹਿਣਾ ਜਾਇਜ਼ ਹੈ ਕਿ ਸਾਡੀ ਸ਼ਖ਼ਸੀ ਰਹਿਣੀ - ਬਹਿਣੀ ਅਤੇ ਸਮਾਜਿਕ ਪ੍ਰਬੰਧ ਜਾਂ ਪ੍ਰਸਥਿਤੀਆਂ ਦੇ ਫ਼ੈਸਲਾਕੁਨ ਨਿਰਣਿਆਂ ਵਿੱਚ ਜ਼ਰੂਰੀ ਨਹੀਂ ਸੌ ਪ੍ਰਤਿਸ਼ਤ ਤਾਲਮੇਲ ਹੋਵੇ, ਅਨੁਪਾਤੀ ਰੂਪ ਵਿੱਚ ਹੋਣ ਵਾਲੇ ਅੰਤਰ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। --- ਬਾਕੀ ਵਿਚਾਰ ਆਪਣਾ - ਆਪਣਾ। ਸ਼ਾਇਦ ਅੰਗ੍ਰੇਜ਼ੀ ਦੇ ਜਗਤ ਪ੍ਰਸਿੱਧ ਵਿਦਵਾਨ ਟੀ ਐਸ ਇਲੀਅਟ ਨੇ ਲਿਖਤਾਂ ਅਤੇ ਲੇਖਕਾਂ ਦੀ ਸ਼ਖ਼ਸੀਅਤ ਬਾਰੇ ਨਿਖੇੜ/ ਨਿਰਣਾ ਦਿੰਦਿਆਂ ਤਾਂ ਹੀ ਕਿਹਾ ਸੀ ਕਿ ਜ਼ਰੂਰੀ ਨਹੀਂ ਕਿ ਸਿਧਾਂਤਕ ਤੌਰ 'ਤੇ ਇਨ੍ਹਾਂ ਦੋਹਾਂ ਵਿੱਚ ਸਮਤੋਲ ਹੋਵੇ। ਇਨ੍ਹਾਂ ਦੋਹਾਂ ਨੂੰ ਵੱਖਰਿਆਂ - ਵੱਖਰਿਆਂ ਕਰਕੇ ਸਮਝਣ ਅਤੇ ਪਰਖ਼ਣ ਦੀ ਲੋੜ ਹੁੰਦੀ ਹੈ। ਕਿਉਂਕਿ ਦੁਨਿਆਵੀ ਤੌਰ 'ਤੇ ਸਾਹਿਤਕਾਰ ਦੀ ਸਦੀਵੀ ਜ਼ਿੰਦਗੀ 'ਤੇ ਦਾਅਵਾ ਕਰਨਾ ਅਯੋਗ ਹੈ ਪਰੰਤੂ ਸਾਹਿਤਕਾਰੀ ਦਾ ਪੀੜ੍ਹੀ - ਦਰ -ਪੀੜ੍ਹੀ ਆਪਣੇ ਪਾਠਕਾਂ ਦਾ ਸਾਥ ਨਿਭਾਉਣਾ - ਇਹ ਕਿਸੇ ਹੱਦ ਤੱਕ ਸੰਭਵ ਹੈ। ਸ਼ਿਵ ਕੁਮਾਰ

ਬਟਾਲਵੀ ਦੀ ਗੁਰੂ ਗੋਬਿੰਦ ਸਿੰਘ ਨੂੰ ਸਮਰਪਣ ਭਾਵਨਾ ਵਾਲੀ "ਆਰਤੀ" ਰਚਨਾ ਅਤੇ ਅੰਮ੍ਰਿਤਾ ਪ੍ਰੀਤਮ ਹੁਰਾਂ ਦੀ ਹਿੰਦ-ਪਾਕਿ ਵੰਡ ਨਾਲ ਸੰਬੰਧਿਤ ਕਵਿਤਾ "ਅੱਜ ਆਖਾਂ ਵਾਰਿਸ ਸ਼ਾਹ ਨੂੰ" ਵੀ ਆਪਣੇ ਥੀਮਿਕ ਪਾਸਾਰਾਂ ਵਜੋਂ ਕਿਸੇ ਵੀ ਜਾਣਕਾਰੀ ਦੀ ਮੁਥਾਜ ਨਹੀਂ। "ਆਰਤੀ" ਬਾਰੇ ਕਹਿਣ ਤੋਂ ਕੋਈ ਝਿਜਕ ਨਹੀਂ ਕਿ ਉਸ ਦਾ ਮੂਲ - ਵਿਸ਼ਾ ਜੋ ਆਪਣੀ ਅਰੰਭ - ਬਿੰਦੂ ਤੋਂ ਅੰਤਿਮ - ਬਿੰਦੂ ਤੱਕ ਕਾਵਿ - ਸਫ਼ਰ ਕਰਦਾ ਹੈ ਜਾਂ ਇਉਂ ਕਹਿ ਲਵੋ ਕਿ ਗੁਰੂ ਜੀ ਦੀ ਸ਼ਖ਼ਸੀਅਤ ਬਾਰੇ ਆਪਣੇ ਵੱਲੋਂ ਕੁੱਝ ਵੀ ਕਹਿਣਾ, ਬਟਾਲਵੀ ਇਸ ਪੱਖੋਂ ਆਪਣੀ ਅਸਮਰੱਥਾ ਜ਼ਾਹਿਰ ਕਰਦਾ ਹੈ ਪਰੰਤੂ ਉਹ ਐਨਾ ਅਵੇਸਲਾ ਵੀ ਨਹੀਂ, ਉਹ ਆਸ਼ਾਵਾਦੀ ਹੈ, ਉਹ ਇਹ ਕਹਿਣ ਤੋਂ ਵੀ ਗੁਰੇਜ਼ ਨਹੀਂ ਕਰਦਾ ਕਿ ਗੁਰੂ ਜੀ! ਤੁਹਾਡੀਆਂ ਪਾਈਆਂ ਪੈੜਾਂ'ਤੇ ਚੱਲ ਕੇ ਸ਼ਾਇਦ ਮੈਂ ਕੁਝ ਕਹਿਣ ਦੇ ਸਮਰੱਥ ਹੋ ਸਕਾਂ --- ਪੂਰੀ ਰਚਨਾ ਪੜ੍ਹ ਕੇ ਹੀ ਪਤਾ ਚੱਲਦਾ ਹੈ। ਆਪਣੇ ਅਕੀਦੇ ਵਜੋਂ ਇਹ ਦੋਨੋਂ ਮਕਬੂਲ ਰਚਨਾਵਾਂ ਅੱਜ ਵੀ ਪੰਜਾਬੀ ਮਹਿਫ਼ਿਲਾਂ ਦੀਆਂ ਸ਼ਿੰਗਾਰ ਹਨ ਭਾਵੇਂ ਦੋਹਾਂ ਨਾਮਵਰ ਸ਼ਖ਼ਸੀਅਤਾਂ ਬਾਰੇ ਕਈ ਤਰ੍ਹਾਂ ਦੇ ਸਵਾਲ ਉਠਾਏ ਜਾਂਦੇ ਰਹੇ ਹਨ।

ਨਿੰਦਰ ਘੁਗਿਆਣਵੀ ਦੀ ਇਸ ਪੁਸਤਕ ਵਿੱਚ ਕੁੱਲ ਮਿਲਾ ਕੇ ਚਾਰ ਪਰਿਵਾਰਕ ਲੇਖਾਂ ਤੋਂ ਇਲਾਵਾ ਵੱਖ-ਵੱਖ ਵਿਸ਼ਿਆਂ ਦੀ ਨਿਸ਼ਾਨਦੇਹੀ ਕਰਦੇ ਅਠਾਰਾਂ ਅਧਿਆਇ ਹੋਰ ਹਨ ਜੋ ਕਰਨੈਲ ਸਿੰਘ ਪਾਰਸ ਹੁਰਾਂ ਦੀ ਸਮੁੱਚੀ ਸ਼ਖ਼ਸੀਅਤ ਅਤੇ ਉਸ ਦੀਆਂ ਰਚਨਾਵਾਂ 'ਤੇ ਕੇਂਦ੍ਰਿਤ ਹਨ। ਉਸ ਦੀ ਆਲੋਚਕ - ਬਿਰਤੀ ਦੀ ਖ਼ੂਬਸੂਰਤੀ ਇਹ ਵੀ ਹੈ ਕਿ ਉਸ ਨੇ ਪਾਰਸ ਰਾਮੂਵਾਲੀਆ ਦੀਆਂ ਕਲਾਕ੍ਰਿਤਾਂ ਨੂੰ, ਉਨ੍ਹਾਂ ਦੇ ਕੇਂਦਰੀ ਨੁਕਤਿਆਂ ਦੇ ਆਧਾਰ 'ਤੇ ਬੜੀ ਸ਼ਿੱਦਤ/ ਖ਼ੂਬਸੂਰਤੀ ਨਾਲ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰ ਦਿੱਤਾ ਹੈ। ਅੱਗੋਂ ਇਹ ਫ਼ੈਸਲਾ ਪਾਠਕਾਂ ਦੇ ਸਿਰ ਹੈ ਕਿ ਉਹ ਆਪਣੀ ਅਧਿਐਨ ਰੁਚੀ ਜਾਂ ਖੋਜੀ ਬਿਰਤੀ ਅਨੁਸਾਰ ਕਿਸ ਰਚਨਾ ਨੂੰ ਕਿਵੇਂ ਪਹਿਲ ਦਿੰਦੇ ਹਨ। ਦਹੂਦ ਬਾਦਸ਼ਾਹ, ਸ਼ਾਹਣੀ ਕੌਲਾਂ, ਸੱਸੀ ਪੁੰਨੂੰ, ਸ਼ੀਰੀਂ ਫ਼ਰਹਾਦ,ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਸੋਹਣੀ ਮਹੀਂਵਾਲ, ਪੂਰਨ ਭਗਤ,ਸਰਵਨ ਭਗਤ ਕਿੱਸਿਆਂ ਤੋਂ ਇਲਾਵਾ ਦੇਸ਼ ਭਗਤੀ-ਕਾਵਿ ਜਿਵੇਂ ਸ਼ਹੀਦ ਭਗਤ ਸਿੰਘ, ਨੇਤਾ ਜੀ ਸੁਭਾਸ਼ ਚੰਦਰ ਬੋਸ, ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਬਾਰੇ ਵੀ ਉਸ ਨੇ ਆਮ ਲੋਕਾਂ ਵਿੱਚ ਬੜੀ ਭਲ਼ ਬਣਾਈ। ਇਸੇ ਤਰ੍ਹਾਂ ਐਚ ਐਮ ਵੀ ਕੰਪਨੀ ਅਤੇ ਆਲ ਇੰਡੀਆ ਰੇਡੀਓ ਸਟੇਸ਼ਨ ਜਲੰਧਰ ਦੇ ਮਾਧਿਅਮ ਰਾਹੀਂ ਵੀ,ਉਸਨੇ ਸਿੱਖ ਇਤਿਹਾਸਕਾਰੀ ਦੇ ਸਿਧਾਂਤਕ ਅਤੇ ਸੁਨਹਿਰੀ ਪੰਨਿਆਂ ਨੂੰ ਆਪਣੀਆਂ ਵੱਖ - ਵੱਖ ਧੁਨਾਂ ਜਿਵੇਂ ਕਵੀਸ਼ਰੀ

ਅਤੇ ਢਾਡੀ ਜੱਥਿਆਂ ਸਦਕਾ ਆਮ ਲੋਕਾਂ ਤੱਕ ਪਹੁੰਚਾਇਆ। ਇਉਂ ਉਸ ਦੇ,"ਕਿਉਂ ਫੜੀ ਸਿਪਾਹੀਆਂ ਨੇ ਭੈਣੋਂ ਇਹ ਹੰਸਾਂ ਦੀ ਜੋੜੀ" ਜਾਂ "ਜੱਗ ਜੰਕਸ਼ਨ ਲੋਕਾਂ ਦਾ" ਵਰਗੇ ਮਕਬੂਲ ਗੀਤ ਆਮ ਰਾਹੀਆਂ/ ਪਾਂਧੀਆਂ ਦੇ ਦਿਲਾਂ ਦੀ ਆਵਾਜ਼ ਬਣ ਗਏ ਸਨ। ਨਿੰਦਰ ਘੁਗਿਆਣਵੀ ਦੀ ਇਸ ਮੁਲਾਂਕਣ - ਵਿਧੀ ਤੋਂ ਪ੍ਰਤੀਤ ਹੁੰਦਾ ਹੈ ਕਿ ਕੋਈ ਸ਼ੱਕ ਨਹੀਂ,ਉਸ ਨੇ ਪੁਸਤਕ ਵਿੱਚ ਅੰਕਿਤ ਉਨ੍ਹਾਂ ਰਚਨਾਵਾਂ ਦਾ ਅਧਿਐਨ ਜ਼ਰੂਰ ਕੀਤਾ ਹੈ --- ਸਿੱਟੇ ਵਜੋਂ ਇਹ ਸਾਰਾ ਕੁੱਝ ਭਾਵੇਂ ਸੰਕੇਤ ਵਜੋਂ ਹੀ ਸਹੀ ,ਪਾਰਸ ਰਾਮੂਵਾਲੀਆ ਦੀਆਂ ਰਚਨਾਵਾਂ ਦੇ ਸੂਖਮ ਅਧਿਐਨ ਦੇ ਮੱਦੇਹਨਜ਼ਰ, ਪਾਠਕਾਂ ਵੱਲੋਂ ਨਿਰਣਾ ਲੈਣ ਦੀ ਸੁਖੈਨਤਾ ਜ਼ਰੂਰ ਹੋ ਜਾਵੇਗੀ। ਰਚਨਾਵਾਂ ਦੀ ਲੜੀਵਾਰ ਸਿਰਜਣਸ਼ੀਲਤਾ ਵਜੋਂ ਨਿੰਦਰ ਘੁਗਿਆਣਵੀ ਨੇ ਪਾਰਸ ਹੁਰਾਂ ਦੀ ਆਪਣੇ ਜਿਉਂਦੇ ਜੀਅ ਪੇਸ਼ ਕੀਤੀ,ਅੰਤਿਮ ਕਲਾਕ੍ਰਿਤ ਦਾ ਹਵਾਲਾ ਦੇ ਕੇ ਇਸ ਪੁਸਤਕ ਦੀ ਪ੍ਰਮਾਣਿਕਤਾ ਵਿੱਚ ਹੋਰ ਵੀ ਵਾਧਾ ਕਰ ਦਿੱਤਾ ਹੈ, ਇਹ ਸਲਾਹੁਣਯੋਗ ਗੱਲ ਹੈ, ਅਜਿਹੇ ਸਵਾਲ ਅਕਸਰ ਪੁੱਛੇ ਵੀ ਜਾਂਦੇ ਹਨ।

ਪੁਸਤਕ ਦੀ ਇੱਕ ਹੋਰ ਖ਼ੂਬੀ ਇਹ ਹੈ ਕਿ ਪੇਂਡੂ ਸੱਭਿਆਚਾਰ ਨੂੰ ਕਲਾਵੇ ਵਿੱਚ ਲੈਂਦੀ, ਇਸ ਦੀ ਪੀਡੀ ਪਕੜ ਪਾਠਕਾਂ ਨੂੰ ਯਕਦਮ ਮੋਹ ਲੈਂਦੀ ਹੈ, ਵਿਸ਼ੇਸ਼ ਕਰਕੇ ਉਸ ਸਮੇਂ ਜਦੋਂ ਵਾਰਤਾਲਾਪੀ ਸ਼ੈਲੀ ਵਜੋਂ ਉਹ ਆਪਣੇ ਪਾਠਕਾਂ ਦੇ ਰੂਬਰੂ ਹੁੰਦਾ ਹੈ। ਕਰਨੈਲ ਸਿੰਘ ਪਾਰਸ ਅਤੇ ਉਹਨਾਂ ਦੀ ਪਤਨੀ ਦਿਲਜੀਤ ਕੌਰ 'ਪਾਰਸ' ਦੀ ਸਹਿਜ-ਸੁਭਾਵਿਕ ਪ੍ਰਸ਼ਨੋਤਰੀ ਸ਼ੈਲੀ ਦਾ ਕੋਈ ਮੁਕਾਬਲਾ ਨਹੀਂ। ਮਿਸਾਲ ਵਜੋਂ ਉਸ ਦੇ ਹੇਠਲੇ ਵਾਰਤਾਲਾਪ, ਸ਼ੈਲੀ - ਸ਼ਬਦਾਵਲੀ ਅਤੇ ਸੱਭਿਆਚਾਰਕ ਅਮੀਰੀ ਪੱਖੋਂ ਵਰਨਣਯੋਗ ਹਨ, ਇਹ ਕੇਵਲ ਕਿਸੇ ਵਿਅਕਤੀ - ਵਿਸ਼ੇਸ਼ ਦੇ ਸ਼ਬਦਾਂ ਨੂੰ ਕਲਮਬੱਧ ਕਰਨ ਜਾਂ ਕਹਿਣ ਦਾ ਮਸਲਾ ਨਹੀਂ ਸਗੋਂ ਵਿਚਾਰਾਂ ਨੂੰ ਢੁਕਵੇਂ ਰੂਪ ਵਿੱਚ ਸ਼ਾਬਦਿਕ ਜਾਮਾ ਪਹਿਨਾਉਣ ਉਪਰੰਤ, ਆਵੇਸ਼ਕਾਰੀ ਦੇ ਵੇਗ - ਵਹਾਅ ਦਾ ਇਹ ਕ੍ਰਿਸ਼ਮਾ ਉਸ ਤੋਂ ਵੀ ਕਿਤੇ ਵੱਧ ਕਾਰਗਰ ਹੁੰਦਾ ਹੈ। ਸਾਹਿਤ ਦੀ ਇਹੋ ਸਿਰਜਣਸ਼ੀਲਤਾ ਹੁੰਦੀ ਹੈ ਜੋ ਪੁਸਤਕ-ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਦਾ ਮਾਧਿਅਮ ਬਣਦੀ ਹੈ। ਆਮ ਤੌਰ 'ਤੇ ਲੇਖਕਾਂ/ ਵਿਦਵਾਨਾਂ ਵੱਲੋਂ ਸ਼ਿਕਾਇਤ ਹੁੰਦੀ ਹੈ ਕਿ ਪਾਠਕਾਂ ਦੀ ਗਿਣਤੀ ਦਿਨੋਂ- ਦਿਨ ਘਟ ਰਹੀ ਹੈ, ਮੈਨੂੰ ਨਿੰਦਰ ਘੁਗਿਆਣਵੀ ਦੀ ਇਸ ਪੁਸਤਕ ਤੋਂ ਪ੍ਰਤੀਤ ਹੋਇਆ ਹੈ ਕਿ ਸਾਨੂੰ ਆਪਣੇ ਪਾਠਕਾਂ ਦੀਆਂ ਰੁਚੀਆਂ ਅਤੇ ਉਨ੍ਹਾਂ ਦੀ ਰੂਹ ਦੀ ਖ਼ੁਰਾਕ ਦਾ ਵੀ ਧਿਆਨ ਰੱਖਣਾ ਪਵੇਗਾ। ਇਉਂ ਨਿੰਦਰ ਘੁਗਿਆਣਵੀ - ਮੈਨੂੰ ਭਾਸ਼ਾ ਦੀ ਅਮੀਰੀ ਪੱਖੋਂ ਕਾਮਯਾਬੀ ਦੀਆਂ ਉੱਚ-ਬੁਲੰਦੀਆਂ ਨੂੰ ਛਹੁਣ ਵਾਲਾ ਵਾਰਤਕਕਾਰ

ਲੱਗਿਆ ਹੈ। ਉਹ ਪਾਠਕਾਂ ਨੂੰ ਹਮੇਸ਼ਾਂ ਆਪਣੇ ਨਾਲ ਤੋਰਦਾ ਹੈ, ਭਾਣੇ ਬਾਰੇ ਚਰਚਾ ਕਰਦਿਆਂ ਉਹ ਬਾਪੂ ਪਾਰਸ ਦੇ ਬੋਲਾਂ ਨੂੰ ਹੂ-ਬ-ਹੂ ਰੂਪ ਵਿੱਚ ਇਉਂ ਗੁੰਦ ਦਿੰਦਾ ਹੈ; ਜਿਵੇਂ ਪਾਰਸ ਰਾਮੂਵਾਲੀਆ ਜੀ ਖ਼ੁਦ ਸਾਹਮਣੇ ਖੜ੍ਹੇ ਭਾਸ਼ਨ ਕਰ ਰਹੇ ਹੋਣ :

"ਬਈ ਇਹ ਕੋਈ ਭਾਣਾ-ਭੂਣਾ ਨਹੀਂ --- ਕਿਸੇ ਦਾ ਮੁੰਡਾ ਮਰ ਜੇ --- ਭਰ ਗੱਭਰੂ,ਉਹ ਭਾਣਾ ਕਿਵੇਂ ਮੰਨ ਲੂ? ਜਿਹਦਾ ਪੁੱਤ ਮਰਦੈ --- ਉਹਨੂੰ ਪੁੱਛ ਕੇ ਦੇਖੋ? ਸਿੰਘਾਪੁਰ ਛੱਤੀ ਸਿੱਖ ਮਾਰਤੇ,ਇਹ ਭਾਣਾ ਐਂ? ਇਉਂ ਭਾਣੇ ਮੰਨ - ਮੰਨ ਕਿਵੇਂ ਬੈਠੀ ਜਾਈਏ? 'ਕੱਠ ਕਰਕੇ ਬੰਦੇ ਮਾਰ- ਦਿਓ। ਤੇ ਭਾਣੇ ਮੰਨ ਲਵੋ, ਫੇ ਅਦਾਲਤਾਂ ਵਿੱਚ ਕਾਹਨੂੰ ਜਾਨੇ ਐਂ --- ਭਾਣੇ ਮੰਨ ਕੇ ਬਹਿੰਦੇ ਕਿਉਂ ਨਹੀਂ? ਸੰਨ 47 'ਚ ਕਿੰਨੀਂ ਦੁਨੀਆਂ ਮਰੀ, ਇਹ ਭਾਣਾ ਸੀ? 84 'ਚ ਦਿੱਲੀ ਦੁਨੀਆਂ ਮਾਰਤੀ --- ਟਾਇਰਾਂ ਨੂੰ ਅੱਗਾਂ ਲਾ ਕੇ ਗਲਾਂ 'ਚ ਪਾਤੇ, ਇਹ ਭਾਣਾ ਸੀ।" (34)

ਅੱਗੋਂ ਹੋਰ ਦੇਖੋ ! ਉਹਨਾਂ ਦੀ ਪਤਨੀ ਦੇ ਬੋਲਾਂ ਦਾ ਕਿਵੇਂ ਰੰਗ ਬੰਨ੍ਹ ਦਿੱਤਾ ਹੈ :

"ਪੁੱਤ ਸਿਆਣੇ ਕਹਿੰਦੇ ਹੁੰਦੇ ਐ ਬਈ ਆਂਵਦਾ ਘਰ ਤਾਂ ਆਵਦਾ ਈ ਹੁੰਦੈ। ਘਰ ਤਾਂ ਭਾਵੇਂ ਉਥੇ (ਕੈਨੇਡਾ) ਵੀ ਆਵਦੈ --- ਪਰ ਪਿੰਡ ਦਾ ਮੋਹ ਨਹੀਂ ਟੁੱਟਦਾ। ਪਿੰਡ ਤਾਂ ਪਿੰਡ ਈ ਹੁੰਦੈ। ਬਥੇਰਾ ਜੀ ਕਰਦੈ ਆਉਣ ਨੂੰ --- ਤਾਂ ਈ ਆ ਜਾਈਦੈ। ਪਿੰਡ ਦੀ ਤਾਂ ਰੌਣਕ ਈ ਹੋਰ ਆ। ਸਾਨੂੰ ਕੈਨੇਡਾ ਗਿਆਂ ਨੂੰ ਬਾਈ ਵਰ੍ਹੇ ਹੋਗੇ, ਤੇ ਇਥੇ ਆ ਕੇ ਵੀ ਮੈਂ ਬੜੀ ਖੁਸ਼ ਰਹਿੰਨੀ ਆਂ।"(96)

ਖ਼ੈਰ, 28 ਜੂਨ ਸੰਨ 1916 ਦੀ ਪੁੰਨਿਆ ਦੀ ਰਾਤ ਨੂੰ ਪਿੰਡ ਮਰ੍ਹਾਝ ਜ਼ਿਲ੍ਹਾ ਬਠਿੰਡਾ ਵਿਖੇ ਜਨਮਿਆਂ ਕਰਨੈਲ ਸਿੰਘ ਪਾਰਸ (ਰਾਮੂਵਾਲੀਆ) ਜਿਸ ਦਾ ਪਹਿਲਾ ਨਾਂ ਗ਼ਮਦੂਰ ਸਿੰਘ ਸੀ ਅਤੇ ਪਿੱਛੋਂ ਭਾਵੇਂ ਘਰਦਿਆਂ ਨੇ ਕਰਨੈਲ ਸਿੰਘ ਰੱਖ ਦਿੱਤਾ --- ਉਪਰੰਤ ਉਸ ਦੇ ਉਸਤਾਦ ਮਹੰਤ ਕ੍ਰਿਸ਼ਨਾ ਨੰਦ ਨੇ ਉਸ ਦੀ ਚੇਤੰਨ ਬੁੱਧੀ ਦੇ ਆਧਾਰ 'ਤੇ ਉਸ ਦੇ ਨਾਂ ਨਾਲ ਤਖ਼ੱਲਸ ਵਜੋਂ 'ਪਾਰਸ' ਸ਼ਬਦ ਜੋੜ ਦਿੱਤਾ, ਲੋਕਾਂ ਦਾ ਉਹ ਹਰਮਨ ਪਿਆਰਾ ਸ਼ਾਇਰ ਮਿਤੀ 5 ਮਾਰਚ-2009 ਦੀ ਸਵੇਰ ਨੂੰ,ਆਪਣੇ ਪਿੰਡ ਰਾਮੂਵਾਲਾ ਵਿਖੇ ਇਸ ਦਿਸਦੇ ਜਗਤ ਨੂੰ ਅਲਵਿਦਾ ਕਹਿ ਗਿਆ। 'ਪਾਰਸ' ਪਰਿਵਾਰ ਦੀ ਇਹ ਖ਼ੁਸ਼ਨਸੀਬੀ ਹੈ ਕਿ ਨਿੰਦਰ ਘੁਗਿਆਣਵੀ ਨੇ ਇਸ ਹਥਲੀ ਪੁਸਤਕ ਦੇ ਮਾਧਿਅਮ ਰਾਹੀਂ, ਉਸ ਦੀਆਂ ਯਾਦਾਂ ਨੂੰ ਸ਼ਬਦਾਂ ਵਿੱਚ ਪਰੋ ਕੇ ਉਸ ਦੇ ਵਡਮੁੱਲੇ ਜੀਵਨ ਬ੍ਰਿਤਾਂਤਾਂ ਅਤੇ ਉਸ ਦੀਆਂ ਮਾਣਮੱਤੀਆਂ ਲਿਖਤਾਂ ਨੂੰ ਸਾਡੀਆਂ ਅਗਲੇਰੀਆਂ ਪੀੜ੍ਹੀਆਂ ਦੀ ਰਹਿਨੁਮਾਈ ਲਈ, ਸਦੀਵੀ ਰੂਪ ਵਿੱਚ ਸਾਂਭਣ ਦਾ ਯੋਗ ਉਪਰਾਲਾ ਕੀਤਾ ਹੈ, ਉਹ ਵਧਾਈ ਦਾ ਪਾਤਰ ਹੈ। ਪਾਰਸ (ਰਾਮੂਵਾਲੀਆ) ਦੇ

ਪਰਿਵਾਰ ਦੀ ਹੋਰ ਵੀ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਅਮੀਰ ਵਿਰਸੇ ਨੂੰ ਸੰਭਾਲਣ ਲਈ ਹੋਰ ਵੀ ਯਤਨਸ਼ੀਲ ਹੋਣ ਤਾਂ ਕਿ ਸ਼ਬਦ - ਸੱਭਿਆਚਾਰ ਦੀਆਂ ਇਹ ਮੁਹੱਬਤੀ ਵੰਨਗੀਆਂ ਭਾਵਨਾਤਮਿਕ ਪੱਧਰ 'ਤੇ ਜਿਉਂ ਦੀਆਂ ਤਿਉਂ ਆਪਣੀ ਹੋਂਦ ਨੂੰ ਕਾਇਮ ਰੱਖ ਸਕਣ ਅਤੇ ਟੈਕਸਟ (ਲਿਖਤ-ਪਾਠ) ਦੇ ਨਤੀਜੇ ਵਜੋਂ ਮਾਂ-ਬੋਲੀ ਪੰਜਾਬੀ ਦੀ ਵਿਰਾਸਤ ਵੀ ਭਲੀਭਾਂਤ ਸਾਂਭੀ ਜਾ ਸਕੇ। ਮੇਰੀ ਜਾਚੇ, ਸਰਕਾਰੀ ਸ੍ਰਪਰਸਤੀ ਜੇ ਕੋਈ ਹੋਵੇ ਵੀ ਉਸ ਦੀ ਆਪਣੀ ਥਾਂ ਹੁੰਦੀ ਹੈ ਪਰੰਤੂ ਪਰਿਵਾਰ ਵੱਲੋਂ ਹੋਇਆ ਸਾਰਥਿਕ ਉਦਮ ਹੋਰ ਵੀ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਮੈਂ ਧੁਰ ਅੰਦਰੋਂ ਉਮੀਦ ਕਰਦਾ ਹਾਂ ਕਿ ਸਰਕਾਰੇ-ਦਰਬਾਰੇ ਪਹੁੰਚ ਰੱਖਣ ਵਾਲੀ 'ਪਾਰਸ' ਦੀ ਫੁਲਵਾੜੀ ਉਸ ਦੀ ਅਦੁੱਤੀ ਪਾਰਸ- ਛੋਹ ਅਤੇ ਸਾਹਿਤਕ - ਮਹਿਕ ਨੂੰ ਹੋਰ ਵੀ ਚਾਰ ਚੰਨ ਲਾਵੇਗੀ। ਇਹ ਕਹਿਣਾ ਵਾਜ਼ਿਬ ਹੈ ਕਿ ਸ. ਬਲਵੰਤ ਸਿੰਘ ਰਾਮੂਵਾਲੀਆ ਜਿਸ ਨੇ ਬਤੌਰ ਸਾਬਕਾ ਕੇਂਦਰੀ ਮੰਤਰੀ ਸੇਵਾਵਾਂ ਨਿਭਾਈਆਂ ਅਤੇ ਗਾਇਕ ਤੇ ਉੱਚ ਬੁਲੰਦੀਆਂ ਨੂੰ ਛੂਹਣ ਵਾਲੇ ਕਲਾਕਾਰ ਹਰਭਜਨ ਮਾਨ ਹੁਰਾਂ ਦੇ ਅਜੋਕੇ ਆਭਾ ਮੰਡਲਾਂ ਦੀ ਉਸਾਰੀ ਪਿੱਛੇ, ਕਰਨੈਲ ਸਿੰਘ ਪਾਰਸ ਦੀ ਮੁਸ਼ੱਕਤ ਦਾ ਵਿਸ਼ੇਸ਼ ਹੱਥ ਹੈ। ਇਸ ਪੁਸਤਕ ਨੂੰ ਪਾਠਕਾਂ ਤੱਕ ਪਹੁੰਚਾਉਣ ਲਈ ਲੇਖਕ ਨਿੰਦਰ ਘੁਗਿਆਣਵੀ ਨੇ ਇਹ ਬੜੀ ਵੱਡੀ ਪਹਿਲ ਕੀਤੀ ਹੈ, ਉਹਨਾਂ ਦੀ ਕਲਮ ਨੂੰ ਸਲਾਮ। ...ਮੁੜ ਮੁਬਾਰਕਬਾਦ। ਪੰਜਾਬੀ ਮਾਂ-ਬੋਲੀ ਦੇ ਹਰ ਸੂਝਵਾਨ ਪਾਠਕ ਨੂੰ ਇਹ ਸਾਂਭਣਯੋਗ, ਗੌਲਣਯੋਗ ਅਤੇ ਪੜ੍ਹਨਯੋਗ ਪੁਸਤਕ ਆਪਣੀ ਨਿੱਜੀ ਲਾਇਬਰੇਰੀ ਦਾ ਸ਼ਿੰਗਾਰ ਬਣਾਉਣ ਦੀ ਲੋੜ ਹੈ।